## ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

**ਨੰ. ਡੀ.ਡੀ.ਐਮ.ਏ./ਕੋਵਿਡ–19/2020/126** **ਮਿਤੀ 02.05.2020**

### ਹੁਕਮ

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ–19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਆਲਮੀ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਇਸ ਸਥਿਤੀ ਨਾਲ ਨਿਪਟਣ ਲਈ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਸਮੇਂ-ਸਮੇਂ ਸੰਬੰਧਿਤ ਵਿਭਾਗਾਂ ਨੂੰ ਉਚਿਤ ਉਪਾਅ ਕਰਨ ਲਈ ਵੱਖ-ਵੱਖ ਹਿਦਾਇਤਾਂ ਜਾਰੀ ਕੀਤੀਆਂ ਹਨ।

ਅਤੇ ਜਦੋਂ ਕਿ ਇਹ ਪਤਾ ਚੱਲਿਆ ਹੈ ਕਿ ਰਾ.ਰਾ.ਖੇ. ਦਿੱਲੀ ਸਰਕਾਰ ਦੇ ਕੁਝ ਅਧਿਕਾਰੀ/ਕਰਮਚਾਰੀ ਆਪਣੀ ਡਿਊਟੀ ਨਿਭਾਉਂਦੇ ਹੋਏ ਕੋਵਿਡ–19 ਦੇ ਟੈਸਟ ਵਿਚ ਪੌਜ਼ੀਟਿਵ ਮਿਲੇ ਹਨ ਅਤੇ ਕੁਝ ਹੋਰ ਅਧਿਕਾਰੀਆਂ/ਕਰਮਚਾਰੀਆਂ ਦੇ ਲਾਗ ਲੱਗਣ ਦਾ ਸ਼ੱਕ ਹੈ ;

ਅਤੇ ਜਦੋਂ ਕਿ ਸਰਕਾਰ ਦੀ ਇਹ ਪਹਿਲੀ ਡਿਊਟੀ ਹੈ ਕਿ ਉਹ ਆਪਣੇ ਅਧਿਕਾਰੀਆਂ/ਕਰਮਚਾਰੀਆਂ ਦਾ ਸਹੀ ਕਲਿਆਣ ਅਤੇ ਉਨ੍ਹਾਂ ਲਈ ਸਿਹਤ ਸਹੂਲਤਾਂ ਯਕੀਨੀ ਬਣਾਏ ;

ਇਸ ਲਈ ਨਿਮਨ ਹਸਤਾਖ਼ਰੀ ਆਫਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਵਿਚ ਮੌਜੂਦ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ, ਰਾਜ ਕਾਰਜਕਾਰਨੀ ਸਮਿਤੀ ਦੇ ਮੁਖੀ ਦੇ ਰੂਪ ਵਿਚ ਹੁਣ ਤੋਂ ਸ੍ਰੀ ਨਿਖਿਲ ਕੁਮਾਰ, ਸੀ. ਈ. ਓ. (ਦਿੱਲੀ ਜਲ ਬੋਰਡ) ਨੂੰ ਰਾਜ ਨੋਡਲ ਕਲਿਆਣ ਅਧਿਕਾਰੀ ਨਿਯੁਕਤ ਕਰਦਾ ਹੈ ਤਾਂ ਕਿ ਕੋਵਿਡ–19 ਦੇ ਟੈਸਟ ਵਿਚ ਪਾਜ਼ੀਟਿਵ ਮਿਲੇ ਰਾ.ਰਾ.ਖੇਤ. ਦਿੱਲੀ ਸਰਕਾਰ, ਖੁਦਮੁਖਤਿਆਰ ਬੌਡੀਜ਼, ਨਿਗਮਾਂ ਅਤੇ ਲੋਕਲ ਬੌਡੀਜ਼ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਾਰੀਆਂ ਸਹੂਲਤਾਂ/ਸਹਾਇਤਾ (ਕਲਿਆਣਾ ਅਤੇ ਸਹੀ ਸਿਹਤ ਸੰਭਾਲ ਸਮੇਤ ਪ੍ਰਦਾਨ ਕੀਤਾ ਜਾ ਸਕੇ।

ਰਾਜ ਨੋਡਲ ਕਲਿਆਣ ਅਧਿਕਾਰੀ ਹੇਠ ਲਿਖੇ ਸਮੇਤ ਸਾਰੇ ਜ਼ਰੂਰੀ ਕਾਰਜਾਂ ਨੂੰ ਤੁਰੰਤ ਆਧਾਰ 'ਤੇ ਪੂਰਾ ਕਰਨਗੇ :–

ੳ) ਕਰਮਚਾਰੀ ਕਲਿਆਣ ਸੈੱਲ ਦੀ ਸਥਾਪਨਾ ਕਰਨਗੇ ਤਾਂਕਿ ਬਿਮਾਰ ਅਧਿਕਾਰੀਆਂ/ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨਾਲ ਰੋਜ਼ਾਨਾ ਗੱਲਬਾਤ ਕੀਤੀ ਜਾਵੇ ਅਤੇ ਹਰ ਰੋਜ਼ ਉਨ੍ਹਾਂ ਦੀ ਸਿਹਤ ਦੀ ਸਥਿਤੀ ਅਤੇ ਜੇ ਉਨ੍ਹਾ ਨੂੰ ਕੋਈ ਹੋਰ ਤਕਲੀਫ਼ ਹੋਵੇ ਤਾਂ ਉਸ ਦੀ ਜਾਣਕਾਰੀ ਹਾਸਿਲ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਦਾ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ।

ਅ) ਕਰਮਚਾਰੀ ਕਲਿਆਣ ਸੈੱਲ ਦੇ ਅੰਤਰਗਤ 24 ਘੰਟੇ ਅਤੇ ਸੱਤੇ ਦਿਨ ਕੰਮ ਕਰਨ ਵਾਲੀ ਸਮਰਪਿਤ ਹੈੱਲਪ–ਲਾਈਨ ਸਥਾਪਤ ਕੀਤੀ ਜਾਵੇ ਅਤੇ ਵੱਖ-ਵੱਖ ਜ਼ਰੀਏ ਨਾਲ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦਰਮਿਆਨ ਇਸ ਦੀ ਜਾਣਕਾਰੀ ਪ੍ਰਚਾਰਤ ਕੀਤੀ ਜਾਵੇ।

ੲ) ਮਨੋਵਿਗਿਆਨਕ ਸਲਾਹ ਅਤੇ ਮਨੋਬਲ ਵਧਾਉਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਬੀਮਾਰ ਅਧਿਕਾਰੀਆਂ/ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨਾਲ ਤਜ਼ਰਬੇ ਸਾਂਝੇ ਕੀਤੇ ਜਾਣ।

ਸ)	ਪ੍ਰੋਟੋਕਾਲ ਦੇ ਮੁਤਾਬਕ ਕੋਵਿਡ–19 ਬੀਮਾਰ ਵਿਅਕਤੀ ਦੇ ਸੰਪਰਕ ਵਿਚ ਆਏ ਸਾਰੇ ਵਿਅਕਤੀਆਂ ਦੇ ਕੁਆਰੰਨਟਾਈਨ ਨੂੰ ਯਕੀਨੀ ਬਣਾਇਆ ਜਾਵੇ।

ਹ)	ਬੀਮਾਰ ਕਰਮਚਾਰੀ/ਪਰਿਵਾਰ ਨੂੰ ਸਾਰੀਆਂ ਜ਼ਰੂਰੀ ਵਸਤਾਂ/ਸੇਵਾਵਾਂ/ਦਵਾਈਆਂ ਦੀ ਪੂਰਤੀ ਯਕੀਨੀ ਬਣਾਈ ਜਾਵੇ।

ਕ)	ਦਿੱਲੀ ਸਰਕਾਰ ਦੇ ਕੋਵਿਡ–19 ਬੀਮਾਰ/ਸ਼ੱਕੀ ਅਧਿਕਾਰੀਆਂ/ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੇ ਟੈਸਟ ਅਤੇ ਇਲਾਜ/ਹਸਪਤਾਲ ਵਿਚ ਭਰਤੀ ਕਰਾਉਣ ਲਈ ਦਿੱਲੀ ਵਿਚ ਦੋ ਸਮਰਪਿਤ ਹਸਪਤਾਲਾਂ ਅਤੇ ਇਕ ਵਿਸ਼ੇਸ਼ ਟੈਸਟ ਲੈਬ (ਡੀ.ਜੀ.ਐਸ.ਐਸ. ਦੇ ਅੰਤਰਗਤ ਆਉਂਦੇ ਹੋਣ) ਦੀ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਕੈਸ਼-ਲੈੱਸ ਆਧਾਰ 'ਤੇ ਇਲਾਜ ਲਈ ਨਿਰਧਾਰਤ ਕੀਤਾ ਜਾਵੇ। ਅਜਿਹੇ ਹਸਪਤਾਲਾਂ ਅਤੇ ਪ੍ਰਯੋਗਸ਼ਾਲਾ ਦੀਆਂ ਸੂਚੀ ਰਾ.ਰਾ.ਖੇ. ਦਿੱਲੀ ਸਰਕਾਰ ਦੇ ਸਾਰੇ ਵਿਭਾਵਾਂ/ਖ਼ੁਦਮੁਖਤਿਆਰ ਬੌਡੀਜ਼/ਲੋਕਲ ਬੌਡੀਜ਼ ਦੇ ਮੁਖੀਆਂ ਨੂੰ ਭੇਜੀਆਂ ਜਾਣ ਤਾਂ ਕਿ ਉਹ ਆਪਣੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਸ ਬਾਰੇ ਜਾਗਰੂਕ ਕਰ ਸਕਣ।

ਖ)	ਅਜਿਹੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦਾ ਜ਼ਿਲ੍ਹਾ-ਵਾਰ ਅਤੇ ਵਿਭਾਗਵਾਰ ਬਿਉਰਾ (ਕੀਤੀ ਗਈ ਕਾਰਵਾਈ ਸਮੇਤ) ਰੱਖਿਆ ਜਾਵੇ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ :

1	ਸ੍ਰੀ ਨਿਖਿਲ ਕੁਮਾਰ, ਸੀ.ਈ.ਓ., ਦਿੱਲੀ ਜਲ ਬੋਰਡ।

2	ਦਿੱਲੀ ਦੇ ਸਾਰੇ ਜ਼ਿਲ੍ਹਾ ਮੈਜਿਸਟ੍ਰੇਟ

ਸੂਚਨਾ ਹਿੱਤ ਕਾਪੀ

1	ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2	ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3	ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ/ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4	ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5	ਸਕੱਤਰ, ਮਾਣਯੋਗ ਕਿਰਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

6	ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7	ਸਕੱਤਰ, ਮਾਣਯੋਗ ਸਮਾਜ ਕਲਿਆਣ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8	ਸਕਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ।

9	ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10	ਮੁੱਖ ਸਕੱਤਰ (ਸਿਹਤ ਅਤੇ ਪਰਿਵਾਰ ਕਲਿਆਣ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11	ਮੁੱਖ ਸਕੱਤਰ (ਮਾਲੀਆ)-ਸਹਿ-ਮੰਡਲੀ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

12	ਰਾਜ ਕਾਰਜਕਾਰੀ ਸਮਿਤੀ, ਸਾਰੇ ਮੈਂਬਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

13 ਮੁਖੀ, ਨਵੀਂ ਦਿੱਲੀ ਨਗਰ ਪਰਿਸ਼ਦ।

14 ਕਮਿਸ਼ਨਰ (ਦੱਖਣੀ ਡੀ.ਐਮ.ਸੀ/ਪੂਰਬੀ ਡੀ.ਐਮ.ਸੀ./ਉੱਤਰੀ ਡੀ.ਐਮ.ਸੀ.)।

15 ਸੀ.ਈ.ਓ. ਦਿੱਲੀ ਕੈਂਟ ਬੋਰਡ।

16 ਸਿਸਟਮ ਅਨੇਲਿਸਟ, ਵਿਭਾਗੀ ਕਮਿਸ਼ਨਰ ਦਿੱਲੀ ਦਾ ਦਫ਼ਤਰ, ਦਿੱਲੀ ਨੂੰ ਇਸ ਨੂੰ ਵੈੱਬ-ਸਾਈਟ ddma.delhigovt.nic.in 'ਤੇ ਅੱਪਲੋਡ ਕਰਨ ਲਈ।

17 ਗਾਰਡ ਫਾਈਲ।